ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 18 ਅਪ੍ਰੈਲ, 1999

ਵਿਚਾਰ-ਚਰਚਾ — ਗੁਰਸ਼ਰਨ ਸਿੰਘ

ਇਕ ਨਾਟਕ ਦਾ ਜਨਮ

ਪਿਛਲੇ ਸਾਲ ਜਦੋਂ ਖੰਨਾ ਦੇ ਨੇੜੇ ਰੇਲ ਹਾਦਸਾ ਹੋਇਆ ਤਾਂ ਸਮੁੱਚੇ ਪੰਜਾਬੀ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਨੂੰ ਮੌਕਾ ਮਿਲਿਆ ਕਿ ਉਹ ਪੰਜਾਬ ਦੇ ਸੱਭਿਆਚਾਰ ਦੇ ਜਿਹੜੇ ਗੌਰਵਮਈ ਪੱਖ ਹਨ ਉਨ੍ਹਾਂ ਬਾਰੇ ਬਾਕੀ ਦੁਨੀਆ ਨੂੰ ਦਸ ਸਕਣ। ਸਾਰੇ ਨੈਸ਼ਨਲ ਪ੍ਰੈਸ ਨੇ ਇਹ ਗੱਲ ਨੋਟ ਕੀਤੀ ਕਿ ਜਿਸ ਸਿੱਦਕ-ਦਿਲੀ ਨਾਲ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੇ ਹਾਦਸੇ ਦੇ ਸ਼ਿਕਾਰ ਹੋਏ ਮੁਸਾਫਰਾਂ ਦੀ ਸੇਵਾ ਕੀਤੀ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਡੱਬਿਆਂ ਵਿਚ ਫਸੇ ਹੋਏ ਮੁਸਾਫਰਾਂ ਨੂੰ ਕੱਢਿਆ, ਫੱਟੜਾਂ ਦੀ ਮਰਹਮ ਪੱਟੀ ਕੀਤੀ, ਖੁੱਲ੍ਹੇ ਲੰਗਰ ਪਾਣੀ ਨਾਲ ਮੁਸਾਫ਼ਰਾਂ ਦੀ ਸੇਵਾ ਕੀਤੀ। ਮੁਸਾਫ਼ਰਾਂ ਦਾ ਸਾਮਾਨ ਇਕੱਠਾ ਕਰਕੇ ਅਧਿਕਾਰੀਆਂ ਦੇ ਹਵਾਲੇ ਕੀਤਾ, ਇਹ ਸਭ ਕੁੱਝ ਮਾਨਵੀ ਕਦਰਾਂ-ਕੀਮਤਾਂ ਦਾ ਝੰਡਾ ਉੱਚਾ ਕਰਨ ਵਾਲੀਆਂ ਗੱਲਾਂ ਸਨ। ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਸਾਡੇ ਸੱਭਿਆਚਾਰ ਵਿਚ ਕੁੱਝ ਗੱਲਾਂ ਐਸੀਆਂ ਜ਼ਰੂਰ ਹਨ, ਜੋ ਸਾਨੂੰ ਇਹ ਸਭ ਕੁੱਝ ਕਰਨ ਲਈ ਪ੍ਰੇਰਨਾ ਦੇਂਦੀਆਂ ਹਨ। ਇਸੇ ਪ੍ਰਸੰਗ ਵ੍ਵਿਚ ਭਾਈ ਘਨੱਈਆ ਦੀ ਸਾਖੀ ਆਂਦੀ ਹੈ, ਜਿੰਸਨੇ ਭੰਗਾਣੀ ਦੇ ਯੁੱਧ ਵਿਚ ਸਾਰੇ ਜ਼ਖ਼ਮੀਆਂ ਨੂੰ, ਭਾਵੇਂ ਉਹ ਦੋਸਤ, ਦੁਸ਼ਮਣ ਹਨ, ਪਾਣੀ ਪਿਆ ਕੇ ਜ਼ਖ਼ਮਾਂ 'ਤੇ ਮਰਹਮ ਪੱਟੀ ਕਰਕੇ ਉਨ੍ਹਾਂ ਦੀ ਸੇਵਾ ਕੀਤੀ ਅਤੇ ਨਾ ਕੋਈ ਬੈਰੀ ਨਾ ਕੋਈ ਬਿਗਾਨਾ ਦੀ ਰਵਾਇਤ ਨੂੰ ਕਾਇਮ ਕੀਤਾ।

ਕੁੱਝ ਦਿਨ ਹੋਏ ਲੁਧਿਆਣਾ ਦੇ ਕੁੱਝ ਨੌਜਵਾਨਾਂ ਨੇ, ਜਿਹੜੇ ਗੁਰੂ ਹਰਗੋਬਿੰਦ ਸਾਹਿਬ ਸੇਵਾ ਸੋਸਾਇਟੀ ਦੇ ਮੈਂਬਰ ਹਨ, ਮੈਨੂੰ ਪਹੁੰਚ ਕੀਤੀ ਕਿ ਮੈਂ ਉਨ੍ਹਾਂ ਲਈ ਖਾਲਸਾ ਸਾਜਨਾ ਦੇ ਤਿੰਨ ਸੌ ਸਾਲਾ ਉਤਸਵ ਲਈ ਕੋਈ ਨਾਟਕ ਪੇਸ਼ ਕਰਾਂ। ਮੈਂ ਅੱਜ ਨਾਟਕ 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਕਰ ਸਕਦਾ ਸਾਂ ਪਰ ਫੇਰ ਮੇਰਾ ਇਰਾਦਾ ਬਣਿਆ ਕਿ ਮੈਂ ਕੋਈ ਐਸਾ ਨਾਟਕ ਕਰਾਂ ਜੋ ਅੱਜ ਦੇ ਹਾਲਾਤ ਨਾਲ ਜੁੜਦਾ ਹੋਵੇ ਤੇ ਨਾਲ ਹੀ ਦਰਸ਼ਕਾਂ ਅੱਗੇ ਸਵਾਲ ਪੇਸ਼ ਕਰਾਂ ਕਿ ਕੀ ਖਾਲਸਾ ਵਾਕਈ ਦੂਜਿਆਂ ਤੋਂ ਨਿਆਰਾ ਹੈ? ਅਖ਼ਬਾਰਾਂ ਵਿਚ, ਟੀ.ਵੀ. ਵਿਚ ਬਹੁਤ ਕੁੱਝ ਸਿਰਫ ਐਸਾ ਹੀ ਆ ਰਿਹਾ ਹੈ ਜੋ ਖਾਲਸੇ ਦੀ ਸ਼ਾਨ ਦੱਸਦਾ ਹੈ। ਖਾਲਸੇ ਦੀ ਸ਼ਾਨ ਹੈ ਵੀ, ਇਸ ਬਾਰੇ ਕੋਈ ਕਿੰਤੂ ਨਹੀਂ। ਇਸ ਸ਼ਾਨ ਬਾਰੇ ਲੋਕਾਂ ਨੂੰ ਪਤਾ ਵੀ ਲੱਗਣਾ ਚਾਹੀਦਾ ਹੈ ਪਰ ਨਾਲ ਇਹ ਵੀ ਪਤਾ ਦੱਸਣਾ ਜ਼ਰੂਰੀ ਹੈ ਕਿ ਅੱਜ ਦੇ ਯੁੱਗ ਵਿਚ ਖਾਲਸੇ ਦੇ ਕੀ ਫਰਜ਼ ਹਨ? ਸੋ ਇਨ੍ਹਾਂ ਸਵਾਲਾਂ ਨੂੰ ਸੰਬੋਧਨ ਹੋ ਕੇ ਮੈਂ ਇਕ ਨਾਟਕ 'ਸਾਖੀ ਭਾਈ ਘਨੱਈਆ ਦੀ' ਦੀ ਉਸਾਰੀ ਕੀਤੀ। ਇਹ ਨਾਟਕ ਖੰਨਾ ਦੇ ਰੇਲ ਹਾਦਸੇ ਦੇ ਪਿਛੋਕੜ ਵਿਚ ਇਕ ਪਿੰਡ ਦੇ ਘਰ ਦੀ ਕਹਾਣੀ ਹੈ। ਇਹ ਨਾਟਕ ਮੈਂ 16 ਅਪ੍ਰੈਲ ਲੁਧਿਆਣਾ ਵਿਚ ਕੀਤਾ। ਨਾਟਕ ਦੀ ਸਫਲਤਾ ਨੇ ਮੇਰਾ ਇਹ ਯਕੀਨ ਬਣਾਇਆ ਕਿ ਜੇ ਵਿਰਸੇ ਦੀ ਗੱਲ ਅੱਜ ਦੇ ਪ੍ਰਸੰਗ ਵਿਚ ਕਰੀਏ ਤਾਂ ਸਾਧਾਰਨ ਲੋਕਾਂ ਵਿਚ ਲੋੜੀਂਦਾ ਸੁਨੇਹਾ ਬਹੁਤ ਪ੍ਰਭਾਵਸ਼ਾਲੀ ਹੁੰਦਾ ਹੈ।

ਇਸ ਨਾਟਕ ਦੇ ਚਾਰ ਪਾਤਰ ਹਨ। ਘਰ ਵਿਚ ਬਜ਼ੁਰਗ ਬਾਬਾ ਜੀ ਹਨ, ਉਨ੍ਹਾਂ ਦੀ ਲੜਕਾ ਹੈ, ਇਕ ਲੜਕੀ ਹੈ ਜੋ ਸਕੂਲ ਅਧਿਆਪਕਾ ਹੈ ਅਤੇ ਇਕ ਕੰਮ ਕਰਨ ਵਾਲਾ ਪ੍ਰਵਾਸੀ ਰਾਮੂ ਹੈ। ਰਾਮੂ ਬਿਹਾਰ ਦਾ ਹੈ ਉਸਦਾ ਪਿੰਡ ਪਟਨਾ ਦੇ ਨੇੜੇ ਹੈ। ਤਿੰਨ ਸਾਲ ਪਹਿਲਾਂ ਉਹ ਪੰਜਾਬ ਆਇਆ ਸੀ ਤੇ ਹੁਣ ਪਿੰਡ ਵਾਪਸ ਜਾ ਰਿਹਾ ਹੈ। ਤਿੰਨ ਸਾਲਾਂ ਵਿਚ ਉਹ ਘਰ ਦਾ ਮੈਂਬਰ ਬਣ ਗਿਆ ਹੈ। ਪਹਿਲਾਂ-ਪਹਿਲਾਂ ਉਸਦਾ ਸਬੰਧ ਪੰਜਾਬ ਦੇ ਲੋਕਾਂ ਨਾਲ ਉਸ ਵੇਲੇ ਜੁੜਿਆ ਸੀ ਜਦੋਂ ਉਹ ਪਟਨਾ ਗੁਰਦੁਆਰੇ ਵਿਚ ਲੰਗਰ ਖਾਣ ਹੀ ਗਿਆ ਸੀ। ਉਸਦੇ ਦਿਮਾਗ ਵਿਚ ਇਹ ਗੱਲ ਉਸ ਵੇਲੇ ਹੀ ਬੈਠ ਗਈ ਸੀ ਕਿ ਸੰਗਤ ਵਿਚ ਬੈਠ ਕੇ ਲੰਗਰ ਖਾਣ ਨਾਲ ਕਿਸ ਤਰ੍ਹਾਂ ਊਚ-ਨੀਚ ਦਾ ਫਰਕ ਮਿਟਦਾ ਹੈ, ਕਿਉਂਕਿ ਉਹਦੇ ਆਪਣੇ ਪਿੰਡ ਵਿਚ ਪ੍ਰੋਹਤਾਂ ਲਈ ਵੱਖਰਾ ਹੀ ਖਾਣਾ ਪ੍ਰੋਸਿਆ ਜਾਂਦਾ ਸੀ। ਨਾਟਕ ਵਿਚ ਰਾਮੂ ਦੇ ਵਾਰਤਾਲਾਪ ਰਾਹੀਂ ਪੰਜਾਬ ਦੇ ਸਮਾਜਕ ਵਰਤਾਰੇ ਦੀਆਂ ਚੰਗੀਆਂ ਅਤੇ ਮਾੜੀਆਂ ਗੱਲਾਂ ਬਾਰੇ ਵਿਆਖਿਆ ਹੁੰਦੀ ਹੈ। ਉਹਦੇ ਮਾਸੂਮ ਅਤੇ ਹੈਰਾਨੀ ਵਾਲੇ ਪ੍ਰਤੀਕਰਮ ਦਰਸ਼ਕਾਂ ਲਈ ਮਨੋਰੰਜਨ ਵੀ ਪੈਦਾ ਕਰਦੇ ਹਨ ਤੇ ਨਾਲ-ਨਾਲ ਉਨ੍ਹਾਂ ਨੂੰ ਸੋਚਣ ਤੇ ਵੀ ਮਜਬੂਰ ਕਰਦੇ ਹਨ। ਮਿਸਾਲ ਦੇ ਤੌਰ 'ਤੇ ਉਹਦੀ ਟਿੱਪਣੀ ਕਿ ਸਰਦਾਰ ਲੋਕ ਗਾਲੀ ਬਹੁਤ ਨਿਕਾਲਤੇ ਹੈਂ ਤੁਹਾਨੂੰ ਸੁਨੇਹਾ ਦੇਂਦਾ ਹੈ ਕਿ ਸਾਨੂੰ ਆਪਣੀ ਜ਼ਬਾਨ ਤੇ ਕਾਬੂ ਰੱਖਣਾ ਚਾਹੀਦਾ ਹੈ ਤੇ ਆਦਤ ਵਜੋਂ ਵੀ ਐਸੀ ਜ਼ੁਬਾਨ ਨਹੀਂ ਵਰਤਣੀ ਚਾਹੀਦੀ ਜੋ ਮਾਂ-ਭੈਣ ਦਾ ਅਪਮਾਨ ਕਰੇ। ਹੋਰ ਵੀ ਨਿੱਕੀਆਂ-ਨਿੱਕੀਆਂ ਗੱਲਾਂ ਨਾਟਕ ਨੂੰ ਯਥਾਰਥਵਾਦੀ ਬਣਾਉਂਦੀਆਂ ਹਨ। ਔਰਤਾਂ ਦੇ ਮਸਲੇ, ਕਿਸਾਨਾਂ ਦੇ ਮਸਲੇ ਵੀ ਰੂਪਵਾਨ ਹੁੰਦੇ ਹਨ। ਬਾਬਾ ਜੀ ਆਪਣੇ ਤਰੀਕੇ ਨਾਲ ਸ਼ੁਰੂ ਇਤਿਹਾਸ 'ਤੇ ਚਾਨਣਾ ਪਾਉਂਦੇ ਹਨ।

ਨਾਟਕ ਦਾ ਸਿਖ਼ਰ ਹੈ, ਜਦੋਂ ਗੁਰਦੁਆਰਾ ਸਾਹਿਬ ਦੇ ਸਪੀਕਰ ਤੋਂ ਰੇਲ ਹਾਦਸੇ ਦੀ ਸੂਚਨਾ ਮਿਲਦੀ ਹੈ। ਘਰ ਦੇ ਜੀਵ ਹਾਦਸੇ ਵਾਲੀ ਥਾਂ 'ਤੇ ਜਾਂਦੇ ਹਨ। ਵਾਪਸ ਆ ਕੇ ਰਾਮੂ ਆਪਣੇ ਹੀ ਢੰਗ ਬਾਬਾ ਜੀ ਨੂੰ ਸਭ ਕੁਝ ਦੱਸਦਾ ਹੈ ਅਤੇ ਬਾਬਾ ਜੀ ਕੋਲੋਂ ਆਗਿਆ ਮੰਗਦਾ ਹੈ ਕਿ ਉਹ ਬਾਕਸ ਜਿਹੜਾ ਬਾਬਾ ਜੀ ਨੇ ਵੇਲੇ-ਕੁਵੇਲੇ ਕੰਮ ਆਂਉਣ ਲਈ ਦਵਾਈਆਂ ਦਾ, ਮਰਹਮ ਵਾਲਾ ਪੱਟੀਆਂ ਵਾਲਾ ਰੱਖਿਆ ਹੋਇਆ ਹੈ, ਉਹ ਦੁਖੀਆਂ ਦੀ ਸੇਵਾ ਲਈ ਲੈ ਜਾਏ। ਜਦੋਂ ਉਹ ਲੈ ਕੇ ਜਾਣ ਲੱਗਦਾ ਹੈ ਤਾਂ ਬਾਬਾ ਜੀ ਦਾ ਪੁੱਤਰ ਇਕ ਬਰੀਫ਼ਕੇਸ ਲੈ ਆਉਂਦਾ ਹੈ। ਇਹ ਰੇਲ ਹਾਦਸੇ ਵਾਲੀ ਥਾਂ ਤੋਂ ਉਹਨੂੰ ਮਿਲਿਆ ਹੈ। ਇਹਦੇ ਵਿਚ 30,000 ਰੁਪਿਆ ਹੈ, ਜੋ ਉਹਦੀਆਂ ਉਹਨਾਂ ਮੁਸ਼ਕਿਲਾਂ ਦਾ ਹੱਲ ਹੋ ਸਕਦਾ ਹੈ, ਜਿਹਨਾਂ ਦਾ ਜ਼ਿਕਰ ਪਹਿਲੇ ਆਇਆ ਹੈ। ਦੋ ਨਾਟਕੀ ਘਟਨਾਵਾਂ ਵਿਚੋਂ ਨਾਟਕ ਟੱਕਰ ਉੱਪਜਦੀ ਹੈ। ਭਾਈ ਘਨੱਈਆ ਦੇ ਵਿਰਸੇ ਦੀ ਜਿੱਤ ਹੁੰਦੀ ਹੈ। ਨਾਟਕ ਦਾ ਸੁਨੇਹਾ ਸਪੱਸ਼ਟ ਹੈ ਕਿ ਵਿਰਸੇ ਦੀ ਗੱਲ ਤਾਂ ਹੀ ਸਾਰਥਕ ਹੈ, ਜੇ ਉਹ ਅੱਜ ਦੇ ਮਸਲਿਆ ਨੂੰ ਸੰਬੋਧਨ ਹੋਵੇ। ਇਹ ਨਾਟਕ ਆਪਣੀ ਦ੍ਰਿਸ਼ਟੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਸ਼ਰਧਾਂਜਲੀ ਦਾ ਹੈ।